# ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥

## ਭਾਗ–4

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ (ਪੰਨਾ–1382)

ਗੁਰਬਾਣੀ ਦੀ ਉਪਰਲੀ ਪੰਗਤੀ ਅਨੁਸਾਰ, ਇਹ 'ਸਰਬ–ਰਹੀ–ਭਰਪੂਰ' ਗੁੱਝੀ ਮਾਨਸਿਕ ਅਗਨੀ ਨੂੰ—

ਜਾਣਨ
ਸਮਝਣ
ਪਹਿਚਾਨਣ
ਬੁੱਝਣ
ਸ਼ਿਨਾਖਤ

ਕਰਨ ਦੀ ਅਤਿਅੰਤ ਲੋੜ ਹੈ, ਕਿਉਂਕਿ 'ਮਰਜ਼' ਦੀ ਸ਼ਿਨਾਖਤ ਕੀਤੇ ਬਗੈਰ—ਉਸ ਦਾ ਇਲਾਜ ਨਹੀਂ ਹੋ ਸਕਦਾ ਯਾ ਗਲਤ ਹੋਵੇਗਾ।

ਪਿਛਲਿਆਂ ਭਾਗਾਂ ਵਿਚ ਇਸ ਅੰਦਰਲੀ 'ਗੁੱਝੀ ਅੱਗ' ਦੀ ਬਾਬਤ ਬਹੁਤ ਕੁਝ ਦਰਸਾਇਆ ਜਾ ਚੁਕਿਆ ਹੈ।

ਯਾਦ ਰਖਣ ਵਾਲੀ ਗੱਲ ਇਹ ਹੈ ਕਿ ਇਸ 'ਮਾਨਸਿਕ ਅੱਗ' ਦੀ ਬਾਬਤ—

ਪੜ੍ਹ–ਪੜ੍ਹਾ ਕੇ
ਸੁਣ–ਸੁਣਾ ਕੇ
ਸਮਝ–ਸਮਝਾ ਕੇ
ਫੋਕਾ ਗਿਆਨ ਘੋਟ ਕੇ
ਵੇਦਾਂਤ ਦੀਆਂ ਫਿਲਾਸਫੀਆਂ ਘੋਖ ਕੇ
ਵਿਗਿਆਨਕ ਖੋਜਾਂ
ਅਨੇਕਾਂ ਭੇਖਾਂ

ਕਰਮ ਕਾਂਡਾਂ

ਪਾਠ-ਪੂਜਾ

ਦਾਨ-ਪੁੰਨ

ਧਾਰਮਿਕ ਸਾਧਨਾ

ਦੁਆਰਾ—

ਜਾਣਿਆ

ਸਮਝਿਆ

ਚੀਨਿਆ

ਪਹਿਚਾਨਿਆ

ਨਹੀਂ ਜਾ ਸਕਦਾ।

ਪੜਿ ਪੰਡਿਤੁ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥ (ਪੰਨਾ-1046)

ਛੋਡਿਹੁ ਨਿੰਦਾ ਤਾਤਿ ਪਰਾਈ ॥
ਪੜਿ ਪੜਿ ਦਝਹਿ ਸਾਤਿ ਨ ਆਈ ॥ (ਪੰਨਾ-1026)

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥ (ਪੰਨਾ-267)

ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥ (ਪੰਨਾ-266)

ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ ।

(ਵਾ.ਭਾ.ਗੁ.1/11)

ਇਹ ਗੁੱਝੀ ਮਾਨਸਿਕ 'ਅੱਗ', ਮੱਛਰ ਅਤੇ ਕੀੜਿਆਂ-ਮਕੌੜਿਆਂ ਵਾਂਗ, ਹਉਮੈ ਦੇ ਭਰਮ-ਭੁਲਾਵੇ ਦੇ ਹਨੇਰ ਯਾ ਮਾਇਕੀ ਅਗਿਆਨਤਾ ਦੁਆਰਾ, ਸਾਡੇ ਮਨ ਦੇ ਸੂਖਮ 'ਭਾਵਕ ਤਬਕੇ' ਵਿਚ ਹੀ—

ਉਪਜਦੀ ਹੈ

ਸੁਲਘਦੀ ਹੈ

ਮੱਘਦੀ ਹੈ

ਪ੍ਰਵਿਰਤ ਹੁੰਦੀ ਹੈ

ਗੱਜਦੀ ਹੈ

ਲਾਟਾਂ ਛਡਦੀ ਹੈ

ਭਾਂਬੜ ਮਚਾਉਂਦੀ ਹੈ

ਸਾੜਦੀ-ਬਲਦੀ ਹੈ

ਤਬਾਹ ਕਰਦੀ ਹੈ।

ਦੂਜੇ ਲਫਜ਼ਾਂ ਵਿਚ, ਇਹਨਾਂ ਮਾਨਸਿਕ ਵਾਸ਼ਨਾਵਾਂ ਦੀ ਗੁੱਝੀ ਅੱਗ ਦੀ—

ਜਨਮ-ਭੂਮੀ

ਜੀਵਨ-ਭੂਮੀ

ਜੀਵਨ-ਖੇਤਰ

ਖੇਲ-ਅਖਾੜਾ

ਵਰਤ-ਵਰਤਾਰਾ

ਬੋਲ-ਬਾਲੇ

ਦਾ ਕੇਂਦਰ ਯਾ ਸੋਮਾਂ, ਸਾਡਾ ਅੰਦਰਲਾ ਮਾਨਸਿਕ ਮੰਡਲ ਅਥਵਾ—

ਮਨ

ਚਿਤ

ਬੁੱਧੀ

ਅੰਤਿਸ਼ਕਰਨ

ਤਾਈਂ ਸੀਮਤ ਹੈ, ਜਿਸ ਵਿਚੋਂ ਕਿਸੇ ਉਕਸਾਹਟ ਦੇ ਕਾਰਨ, 'ਜਵਾਲਾ ਮੁਖੀ' ਵਾਂਗ, ਇਹ ਗੁੱਝੀ ਅੱਗ ਸਾਡੇ ਸਰੀਰ ਵਿਚ ਦੀ ਬਾਹਰ ਵਲ—

ਮੱਘ ਕੇ

ਪ੍ਰਗਟ ਹੁੰਦੀ

ਪ੍ਰਕਾਸ਼ਤ ਹੁੰਦੀ

ਗੱਜਦੀ

ਵੱਜਦੀ

ਤਬਾਹੀ ਮਚਾਉਂਦੀ ਹੈ।

ਇਸ ਲਈ ਗੁੱਝੀ ਅੱਗ ਪਹਿਚਾਨ ਕੇ ਅਥਵਾ ਬੁੱਝ ਕੇ ਇਸ ਨੂੰ 'ਬੁਝਾਉਣ' ਦਾ—

ਪ੍ਰਬੰਧ
ਬਚਾਉ
ਇਲਾਜ

ਕਰਨ ਦਾ ਉਪਾਉ ਭੀ, ਸਾਡੇ 'ਅੰਤਰ ਆਤਮਿਕ ਮੰਡਲ' ਵਿਚ ਹੀ ਹੋ ਸਕਦਾ ਹੈ।

ਹਨੇਰਾ—ਰੋਸ਼ਨੀ ਦੀ 'ਅਣਹੋਂਦ' ਦਾ ਹੀ ਨਾਉਂ ਹੈ।

ਹਨੇਰਾ—'ਢੋਣ' ਨਾਲ ਖਤਮ ਨਹੀਂ ਹੋ ਸਕਦਾ।

ਅਗਨੀ—ਨੂੰ ਲਕੜਾਂ ਅਤੇ ਤੇਲ ਆਦਿ ਬਾਲਣ ਨਾਲ ਨਹੀਂ ਬੁਝਾਇਆ ਜਾ ਸਕਦਾ।

ਇਸੇ ਤਰ੍ਹਾਂ 'ਹਉਮੈ' ਦਾ ਭਰਮ ਭੀ ਆਤਮਿਕ ਰੋਸ਼ਨੀ ਦੀ ਅਣਹੋਂਦ ਯਾ ਭੁਲ ਤੋਂ ਹੀ ਉਪਜਿਆ ਹੈ।

ਅਫਸੋਸ ਦੀ ਗੱਲ ਹੈ ਕਿ ਮਾਇਕੀ ਭ੍ਰਮ-ਭੁਲਾਵੇ ਦੀ ਅਗਿਆਨਤਾ ਦੀ ਮਚਾਈ ਹੋਈ ਗੁੱਝੀ ਅਗਨੀ ਵਿਚ—

ਰਹਿੰਦਿਆਂ
ਬਹਿੰਦਿਆਂ
ਵਸਦਿਆਂ
ਜੰਮਦਿਆਂ
ਮਰਦਿਆਂ
ਦੁਖ ਭੋਗਦਿਆਂ
ਪ੍ਰਵਿਰਤ ਹੁੰਦਿਆਂ

ਸਾਨੂੰ ਕਿਤਨੇ—

ਸਾਲ
ਉਮਰਾਂ
ਜਨਮ
ਜੁਗ

ਬੀਤ ਗਏ ਹਨ! ਪਰ, ਫਿਰ ਭੀ ਇਸ 'ਗੁੱਝੀ ਅੱਗ' ਦੀ ਬਾਬਤ ਸਾਨੂੰ—

ਪਤਾ ਹੀ ਨਹੀਂ

ਗਿਆਨ ਹੀ ਨਹੀਂ

ਖਿਆਲ ਹੀ ਨਹੀਂ

ਪਹਿਚਾਨ ਹੀ ਨਹੀਂ

ਚਿੰਤਾ ਹੀ ਨਹੀਂ

ਨਿਸਚਾ ਹੀ ਨਹੀਂ!!!

ਜਦ 'ਮਰਜ਼' ਦਾ ਖਿਆਲ ਯਾ ਅਹਿਸਾਸ ਹੀ ਨਾ ਹੋਵੇ, ਤਾਂ ਉਸ ਦੇ ਇਲਾਜ ਯਾ ਬਚਾਉ ਦਾ ਸਵਾਲ ਹੀ ਨਹੀਂ ਉਠਦਾ!!!

ਇਹ 'ਮਾਨਸਿਕ ਅਗਨੀ' ਸਾਡੇ ਅੰਦਰ, ਮਨ, ਚਿਤ, ਬੁੱਧੀ ਅਤੇ ਅੰਤਿਸ਼ਕਰਨ ਵਿਚ ਇਤਨੀ—

ਧੱਸ

ਵੱਸ

ਰਸ

ਸਮਾ

ਗਈ ਹੈ, ਕਿ ਇਹ ਸਾਡੇ ਜੀਵਨ ਦਾ ਅਨਿਖੜਵਾਂ ਅੰਸ਼ ਬਣ ਗਈ ਹੈ, ਅਤੇ ਸਾਡੇ ਜੀਵਨ ਦੇ ਹਰ 'ਪੱਖ' ਵਿਚ ਇਸ ਦੇ ਸੇਕ ਦਾ—

ਪ੍ਰਕਾਸ਼

ਪ੍ਰਗਟਾਵਾ

ਬੋਲ-ਬਾਲਾ

ਵਰਤ-ਵਰਤਾਰਾ

ਹੋ ਰਿਹਾ ਹੈ, ਜਿਸ ਦੀ—

ਭਾਹ

ਜਲਵਾ

ਸੇਕ

ਲਾਟਾਂ

ਭਾਂਬੜ

ਸਾੜ

ਧੂੰਆਂ

ਕਾਲਖ

ਤਬਾਹੀ

ਹਰ ਪਾਸੇ ਦਿਖਾਈ ਦੇ ਰਹੀ ਹੈ।

ਜਦ ਅਸੀਂ ਆਰਾਮ ਕਰਦੇ ਹੁੰਦੇ ਹਾਂ, ਤਾਂ ਸਾਡਾ ਸਰੀਰ ਸਾਧਾਰਨ ਹੁੰਦਾ ਹੈ। ਪਰ, ਜਿਉਂ-ਜਿਉਂ ਅਸੀਂ ਹਰਕਤ ਕਰਦੇ ਹਾਂ ਯਾ ਦੌੜਦੇ ਹਾਂ—ਤਿਉਂ-ਤਿਉਂ ਸਾਡਾ ਜਿਸਮ ਗਰਮ ਹੁੰਦਾ ਜਾਂਦਾ ਹੈ। ਇਹੋ ਗੱਲ ਮਸ਼ੀਨਾਂ ਦੀ ਹੈ।

ਇਸੇ ਤਰ੍ਹਾਂ ਜਿਉਂ-ਜਿਉਂ ਸਾਡੀਆਂ ਬਿਰਤੀਆਂ ਬਾਹਰ-ਮੁਖੀ ਹੋ ਕੇ ਦੌੜਦੀਆਂ ਹਨ—ਤਿਉਂ-ਤਿਉਂ ਇਨ੍ਹਾਂ ਬਿਰਤੀਆਂ ਵਿਚ ਮਾਨਸਿਕ ਅਗਨੀ ਵੱਧਦੀ ਜਾਂਦੀ ਹੈ।

ਇਸ ਦਾ ਮਤਲਬ ਇਹ ਹੋਇਆ, ਕਿ ਬਿਰਤੀਆਂ ਦਾ—

ਬਾਹਰ ਮੁਖੀ ਹੋਣਾ ਹੀ

'ਅਗਨੀ'

ਦਾ ਮੁਢਲਾ ਕਾਰਨ ਹੈ, ਅਤੇ—

ਅੰਤਰ-ਮੁਖੀ ਰਹਿਣਾ ਹੀ

'ਠੰਢ'

ਦਾ ਮਹਿਸੂਸ ਕਰਨਾ ਹੈ।

ਤਦੇ ਗੁਰਬਾਣੀ ਵਿਚ, ਇਸ 'ਅੰਦਰਲੀ ਗੁੱਝੀ ਅਗਨੀ' ਤੋਂ ਬਚਣ ਲਈ ਇਉਂ ਉਪਦੇਸ਼ ਦਿਤੇ ਹਨ—

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ (ਪੰਨਾ-201)

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ (ਪੰਨਾ-598)

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥ (ਪੰ–646)

ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥ (ਪੰਨਾ–288)

ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ ॥ (ਪੰਨਾ–727)

ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨੁ ਖੋਜਤੁ ਨਾਮੁ ਨਉ ਨਿਧਿ ਪਾਈ ॥ (ਪੰਨਾ–1128)

ਕਈ ਵਾਰੀ ਅਸੀਂ ਜਾਣ–ਬੁੱਝ ਕੇ ਯਾ ਰੀਸੋ–ਰੀਸੀ, ਬੇ–ਲੋੜੇ ਰੁਝੇਵਿਆਂ ਜਾਂ ਝਮੇਲਿਆਂ ਵਿਚ ਇਤਨੇ ਗਲਤਾਨ ਹੋ ਜਾਂਦੇ ਹਾਂ ਕਿ ਸਾਨੂੰ 'ਸਿਰ ਖੁਰਕਣ' ਦੀ ਫੁਰਸਤ ਭੀ ਨਹੀਂ ਹੁੰਦੀ।

ਇਸ ਤਰ੍ਹਾਂ ਅਸੀਂ ਆਪਣੇ ਮਨ ਲਈ 'ਖਾਹ–ਮਖਾਹ' ਅਜਾਈਂ 'ਖਲਜਗਨ' ਜਾਂ ਕਲੇਸ਼ਾਂ ਨਾਲ ਬੇ–ਲੋੜੀ ਚਿੰਤਾ–ਫਿਕਰ ਸਹੇੜ ਲੈਂਦੇ ਹਾਂ।

ਇਨ੍ਹਾਂ ਆਪੂੰ ਸਹੇੜੇ, ਬੇ–ਲੋੜੇ ਝਮੇਲਿਆਂ (self created unnecessary problems) ਦੁਆਰਾ, ਅਸੀਂ ਕਈ ਖਲਜਗਨ ਅਤੇ ਪੇਚੀਦੇ ਮਾਮਲਿਆਂ (complicated problems) ਵਿਚ ਇਤਨੇ ਫਸ ਜਾਂਦੇ ਹਾਂ, ਕਿ ਇਨ੍ਹਾਂ ਨੂੰ ਹੱਲ ਕਰਨ ਵਿਚ ਹੀ ਸਾਡੀ ਬਿਰਤੀ ਅਤੇ ਸ਼ਕਤੀ ਖਰਚ ਹੁੰਦੀ ਰਹਿੰਦੀ ਹੈ, ਅਤੇ ਇਹਨਾਂ ਹੀ ਕਲਪਨਾਵਾਂ ਦੇ ਚਿੰਤਾ–ਫਿਕਰ ਵਿਚ ਅਸੀਂ ਸੜਦੇ–ਬਲਦੇ ਰਹਿੰਦੇ ਹਾਂ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ–133)

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲਲਾਇ ॥ (ਪੰਨਾ–1176)

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥ (ਪੰਨਾ–1417)

ਪਰ, ਸਾਡਾ ਮਨ ਜਨਮਾਂ–ਜਨਮਾਂਤਰਾਂ ਤੋਂ ਬਾਹਰਮੁਖੀ ਦੌੜਨ ਦਾ ਇਤਨਾ ਆਦੀ ਹੋ ਗਿਆ ਹੈ, ਕਿ ਇਕ ਖਿਨ–ਪਲ ਭੀ ਨਹੀਂ ਟਿਕਦਾ! ਤਦੇ ਇਸ ਨੂੰ 'ਪਾਰੇ' ਦੀ ਨਿਆਈਂ 'ਚੰਚਲ' ਕਿਹਾ ਗਿਆ ਹੈ।

ਆਮ ਜਗਿਆਸੂਆਂ ਦੀ ਭੀ ਇਹੋ ਸ਼ਿਕਾਇਤ ਹੈ, ਕਿ ਪਾਠ, ਸੰਗਤ ਜਾਂ ਕੀਰਤਨ ਵਿਚ ਮਨ ਨਹੀਂ ਟਿਕਦਾ।

ਇਸ ਦਾ ਕਾਰਨ ਇਹ ਹੈ, ਕਿ ਜਨਮਾਂ-ਜਨਮਾਂ ਦੀ ਆਦਤ ਅਨੁਸਾਰ 'ਬਾਹਰ ਦੌੜਨਾ' ਮਨ ਦਾ—

ਸੁਭਾਉ
ਆਦਤ
ਫ਼ਿਤਰਤ
ਜੀਵਨ ਰੌੜ (Life flow)

ਹੀ ਬਣ ਚੁਕਿਆ ਹੈ।

ਗੁਰਬਾਣੀ ਅਨੁਸਾਰ ਸਾਰੀ ਦੁਨੀਆ ਇਸ 'ਮਾਨਸਿਕ ਅੱਗ' ਵਿਚ ਜਲ-ਬਲ-ਸੜ ਕੇ 'ਅਗਨੀ ਰੂਪ' ਹੀ ਬਣੀ ਹੋਈ ਹੈ, ਤਦੇ ਇਸ ਨੂੰ—

'ਆਤਿਸ ਦੁਨੀਆ'
'ਜਗਤ ਜਲੰਦਾ'
'ਅਗਨ ਕੁੰਟ'
'ਅਗਨ ਸੋਕ ਸਾਗਰ'
'ਪਾਵਕ ਸਾਗਰ'

ਦਸਿਆ ਗਿਆ ਹੈ।

ਜਦ ਸਾਡਾ ਮਨ 'ਬਾਹਰ-ਮੁਖੀ' ਹੁੰਦਾ ਹੈ, ਤਾਂ—

1. ਆਪਣੇ ਇਲਾਹੀ ਕੇਂਦਰ ਅਥਵਾ ਅੰਤ੍ਰ-ਆਤਮੇ ਤੋਂ ਪਰੇ ਹੋ ਕੇ ਜਾਂ 'ਭੁਲ' ਕੇ ਕਮਜ਼ੋਰ ਹੋ ਜਾਂਦਾ ਹੈ।

2. ਬਿਰਤੀਆਂ ਦੀ ਤੇਜ਼ ਹਰਕਤ ਜਾਂ ਦੌੜ (excertion) ਨਾਲ, ਮਨ ਦੀ ਅੰਦਰਲੀ ਗੁੱਝੀ ਅਗਨੀ ਵੱਧ ਜਾਂਦੀ ਹੈ।

3. ਮਨ ਉਤੇ ਬਾਹਰਲੇ ਵਾਤਾਵਰਨ ਜਾਂ 'ਕੁਸੰਗਤ' ਦਾ ਅਸਰ ਪੈਂਦਾ ਹੈ, ਤੇ ਇਸ ਬਾਹਰਲੀ ਉਕਸਾਹਟ ਨਾਲ, ਮਨ ਦੀ 'ਗੁੱਝੀ ਅਗਨੀ' ਭਖ ਕੇ ਭਾਂਬੜ ਬਣ ਜਾਂਦੀ ਹੈ।

4. ਇਸ ਤਰ੍ਹਾਂ ਅਸੀਂ ਸਿਰਫ ਆਪਣੇ ਮਨ-ਤਨ ਨੂੰ ਹੀ ਨਹੀਂ 'ਸਾੜਦੇ', ਬਲਕਿ ਨਾਲ ਦੇ ਸਾਥੀਆਂ ਨੂੰ ਭੀ 'ਚੁਆਤੀ' ਲਾ ਦਿੰਦੇ ਹਾਂ।

5. ਸਾਡੇ ਉਤਮ ਅਤੇ ਨੇਕ ਕਰਮ ਅਤੇ ਭਗਤੀ ਭਾਵਨਾ ਭੀ, ਗੁੱਝੀ ਅਗਨੀ ਨਾਲ

ਰਗੜਾ ਖਾ ਕੇ, ਅੱਗ ਦਾ ਹੀ ਰੂਪ ਧਾਰ ਕੇ ਭਾਂਬੜ ਬਣ ਜਾਂਦੇ ਹਨ।

6. ਹਰ 'ਭਾਂਬੜ' ਮਗਰੋਂ ਸਾਡਾ ਮਨ ਕਮਜ਼ੋਰ, ਨਿਢਾਲ ਅਤੇ ਛਿੱਥਾ (frustrated) ਹੋ ਜਾਂਦਾ ਹੈ।

7. ਫੇਰ ਅਮਲੀ ਦੀ 'ਟੋਟ' ਵਾਂਗ ਮੁੜਕੇ ਪਹਿਲੀ ਮਾਨਸਿਕ ਅਤੇ ਆਤਮਿਕ ਹਾਲਤ ਵਿਚ ਆਉਣਾ ਮੁਸ਼ਕਲ ਹੋ ਜਾਂਦਾ ਹੈ।

ਉਪਰਲੀ ਵਿਚਾਰ ਦਾ ਸਿੱਟਾ ਇਹ ਹੈ ਕਿ ਜਦ ਤਾਈਂ ਸਾਡਾ ਮਨ 'ਬਾਹਰ-ਮੁਖੀ' ਹੋ ਕੇ ਮਾਇਆ ਦੇ ਭਰਮ-ਭੁਲਾਵੇ ਦਾ ਅਸਰ ਲੈਂਦਾ ਰਹੇਗਾ — ਓਨਾ ਚਿਰ ਅਸੀਂ ਇਸ 'ਗੁੱਝੀ ਮਾਨਸਿਕ ਅਗਨੀ' ਤੋਂ ਬਚ ਨਹੀਂ ਸਕਾਂਗੇ। ਭਾਵੇਂ ਕਿਤਨੇ —

ਪਾਠ-ਪੂਜਾ
ਕਥਾ-ਵਾਰਤਾ
ਵਖਿਆਨ
ਕਰਮ-ਕਾਂਡ
ਹਠ-ਧਰਮ
ਸੇਵਾ

ਕਰੀ ਜਾਈਏ!!

ਇਸ ਤਰ੍ਹਾਂ ਅਸੀਂ ਜੀਵ ਸਾਰੇ ਇਸ 'ਮਾਨਸਿਕ ਅਗਨੀ' ਵਿਚ 'ਗੁੱਝੇ ਭਾਹਿ' ਸੜ-ਬਲ ਰਹੇ ਹਾਂ। ਪਰ ਸਾਨੂੰ ਇਸ ਦੀ ਸੋਝੀ ਹੀ ਨਹੀਂ ਹੈ।

ਕਿਉਂਕਿ ਅਸੀਂ ਇਸ 'ਗੁੱਝੀ ਅੱਗ' ਵਿਚ ਜਨਮਾਂ-ਜਨਮਾਂ ਤੋਂ ਜੰਮਦੇ, ਪਲਦੇ, ਵਿਚਰਦੇ, ਪਲਚਦੇ ਅਤੇ ਮਰਦੇ ਆਏ ਹਾਂ, ਅਤੇ ਇਹ 'ਗੁੱਝੀ ਅੱਗ' ਸਾਡਾ 'ਜੀਵਨ ਅੰਗ' ਬਣ ਚੁਕੀ ਹੈ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਚੰਮ ਰੰਗਣ ਵਾਲਿਆਂ ਦੇ ਵੇਹੜਿਆਂ ਵਿਚ ਚੰਮ ਦੀ 'ਬਦਬੂ' ਹੁੰਦੀ ਹੈ। ਉਹਨਾਂ ਦੇ 'ਨੱਕ' ਦੀ 'ਸੁੰਘਣ ਸ਼ਕਤੀ' ਮਰ ਜਾਂਦੀ ਹੈ ਜਾਂ ਘਟ ਜਾਂਦੀ ਹੈ। ਬਾਹਰਲਾ ਆਦਮੀ ਜਦ ਉਨ੍ਹਾਂ ਦੇ ਘਰ ਜਾਂਦਾ ਹੈ, ਤਾਂ ਉਸ ਨੂੰ ਚੰਮ ਦੀ ਬਦਬੂ ਮਹਿਸੂਸ ਹੁੰਦੀ ਹੈ। ਪਰ ਚਮਿਆਰ

ਬਿਰਾਦਰੀ ਦਿਨ-ਰਾਤ, ਸਾਰੀ ਉਮਰ, ਉਸੇ ਬਦਬੂ ਵਾਲੇ ਵਾਯੂ ਮੰਡਲ ਵਿਚ 'ਗਿੱਝ' ਜਾਂਦੇ ਹਨ ਅਤੇ ਉਹਨਾਂ ਨੂੰ ਚੰਮ ਦੀ ਬਦਬੂ ਮਹਿਸੂਸ ਹੀ ਨਹੀਂ ਹੁੰਦੀ।

ਇਸੇ ਤਰ੍ਹਾਂ ਅੱਗ ਦੀ ਭੱਠੀ ਵਿਚ ਕੰਮ ਕਰਨ ਵਾਲੇ ਮਜ਼ਦੂਰ ਭੀ ਅੱਗ ਦੇ ਸੇਕ ਨਾਲ 'ਹੰਢ' ਜਾਂਦੇ ਹਨ ਅਤੇ ਹੋਰਨਾਂ ਨਾਲੋਂ ਉਹਨਾਂ ਨੂੰ ਗਰਮੀ ਘੱਟ ਮਹਿਸੂਸ ਹੁੰਦੀ ਹੈ।

ਇਹ ਉਦਾਹਰਨ ਸਾਡੀ ਗੁੱਝੀ ਮਾਨਸਿਕ ਅਗਨੀ ਦੇ ਸੇਕ ਤੇ ਭੀ ਘੱਟਦੀ ਹੈ। ਅਸੀਂ ਜਨਮਾਂ-ਜਨਮਾਂ ਤੋਂ ਇਸ ਮਾਨਸਿਕ ਅਗਨੀ ਦੇ ਗੁੱਝੇ ਸੇਕ ਵਿਚ ਜੀਵਨ ਬਤੀਤ ਕਰਦੇ ਆਏ ਹਾਂ। ਇਸ ਲਈ ਸਾਨੂੰ ਇਹ ਗੁੱਝਾ ਸੇਕ ਮਹਿਸੂਸ ਹੀ ਨਹੀਂ ਹੁੰਦਾ ਅਤੇ ਨਾ ਹੀ ਸਾਨੂੰ ਇਸ ਗੁੱਝੀ ਅਗਨੀ ਦਾ ਗਿਆਨ ਹੈ।

ਜਦ ਅਸੀਂ ਗੁਰਬਾਣੀ ਦੀਆਂ ਹੇਠਲੀਆਂ ਪੰਗਤੀਆਂ ਪੜ੍ਹਦੇ-ਸੁਣਦੇ ਹਾਂ, ਤਾਂ ਇਹਨਾਂ ਵੱਲ ਗਹੁ ਯਾ ਧਿਆਨ ਹੀ ਨਹੀਂ ਕਰਦੇ, ਕਿਉਂਕਿ ਅਸੀਂ ਇਹ ਸਮਝੀ ਬੈਠੇ ਹਾਂ ਕਿ ਇਹ ਅਗਨੀ ਸਾਨੂੰ ਨਹੀਂ ਲਗੀ!! ਇਹ ਪੰਗਤੀਆਂ ਸਾਡੇ ਉਤੇ ਨਹੀਂ ਘਟਦੀਆਂ!! ਕਿਸੇ ਹੋਰ 'ਮਨਮੁਖ' ਲਈ ਇਹ ਬਾਣੀ ਰਚੀ ਗਈ ਹੋਵੇਗੀ!!!

ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥ (ਪੰ.-652)

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥ (ਪੰ.-800)

ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥ (ਪੰ.-1045)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ (ਪੰਨਾ-1165)

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ (ਪੰਨਾ-1415)

ਭਾਵੇਂ ਅਸੀਂ ਇਸ ਅੰਦਰਲੀ 'ਗੁੱਝੀ ਅੱਗ' ਨੂੰ ਮਹਿਸੂਸ ਕਰੀਏ ਜਾਂ ਨਾ, ਪਰ ਫਿਰ ਭੀ ਜਦ ਤਾਂਈ ਸਾਡੇ ਹਿਰਦੇ ਵਿਚ ਹੇਠਲੀਆਂ ਦਰਜ ਕੀਤੀਆਂ ਵਾਸ਼ਨਾਵਾਂ—

ਦੂਜਾ-ਭਾਵ

ਮੈਂ-ਮੇਰੀ

ਈਰਖਾ

ਦਵੈਤ

ਸ਼ਕ

ਸਾੜਾ

ਕੁਲਝਣਾ

ਰੋਸੇ

ਗਿਲੇ

ਤਅੱਸਬ

ਘਿਰਨਾ

ਸ਼ਿਕਾਇਤ

ਵੈਰ

ਵਿਰੋਧ

ਬਦਲਾ

ਕਾਮ

ਕ੍ਰੋਧ

ਲੋਭ

ਮੋਹ

ਹੰਕਾਰ

ਤ੍ਰਿਸ਼ਨਾ।

ਆਦਿ ਵਿਚੋਂ ਕਿਸੇ ਇਕ ਵੀ 'ਵਾਸ਼ਨਾ' ਦੀ ਅੰਸ਼ ਹੈ, ਉਦੋਂ ਤਾਈਂ ਸਾਨੂੰ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ ਸਾਡੇ ਹਿਰਦੇ ਯਾ ਅੰਤਿਸ਼ਕਰਨ ਦੀਆਂ ਡੂੰਘਿਆਈਆਂ ਵਿਚ ਮਾਨਸਿਕ ਅਗਨੀ ਦਾ 'ਤਤ' ਜਾਂ 'ਜੜ' ਦਬਿਆ ਜਾਂ ਲੁਕਿਆ ਹੋਇਆ ਹੈ, ਜੋ ਕਿਸੇ ਵੇਲੇ ਭੀ ਮਘ ਕੇ ਭਾਂਬੜ ਬਣ ਸਕਦਾ ਹੈ।

ਅਸੀਂ ਆਪੋ-ਆਪਣੇ ਹਿਰਦਿਆਂ ਵਿਚ ਦਿਆਨਤਦਾਰੀ ਨਾਲ ਗਹੁ ਕਰਕੇ ਘੋਖਣਾ

ਹੈ, ਕਿ ਸਾਡੇ ਅੰਦਰ ਇਹਨਾਂ 'ਵਾਸ਼ਨਾਵਾਂ' ਦੀ ਕੋਈ 'ਅੰਸ਼' ਹੈ ਕਿ ਨਹੀਂ?

ਜੇ ਹੈ—ਤਾਂ ਅਵੇਸਲੇ ਹੋਣ ਯਾ ਲੁਕਾਉਣ ਦੀ ਬਜਾਏ, ਗੁਰਬਾਣੀ ਦੀ ਰੋਸ਼ਨੀ ਅਤੇ ਸਾਧਸੰਗਤ ਦੀ ਸਹਾਇਤਾ ਨਾਲ, ਇਨ੍ਹਾਂ ਵਾਸ਼ਨਾਵਾਂ ਤੋਂ ਬਚਣ ਦਾ ਉਪਾਉ ਕਰਨਾ ਚਾਹੀਦਾ ਹੈ।

ਜਿਉਂ-ਜਿਉਂ ਅਸੀਂ ਸਾਧ ਸੰਗਤ ਵਿਚ ਵਿਰਦਿਆਂ ਹੋਇਆ ਅੰਤਰ-ਮੁਖੀ ਹੋ ਕੇ ਨਾਮ-ਸਿਮਰਨ ਕਰਾਂਗੇ, ਤਿਉਂ-ਤਿਉਂ ਇਹ ਗੁੱਝੇ 'ਅਗਨੀ-ਤੱਤ' ਮੱਠੇ ਪੈਂਦੇ ਜਾਣਗੇ ਅਤੇ ਸਹਿਜੇ-ਸਹਿਜੇ ਬੁਝ ਜਾਣਗੇ।

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥
ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ ॥ (ਪੰਨਾ-651)

ਪਰ ਇਹ ਗੱਲ ਆਮ ਦੇਖਣ ਵਿਚ ਆਉਂਦੀ ਹੈ ਕਿ ਅਸੀਂ ਆਪਣੇ ਅੰਦਰ ਇਸ ਗੁੱਝੀ ਅਗਨੀ ਨੂੰ ਮਹਿਸੂਸ ਕਰਨ ਯਾ ਇਸ ਤੋਂ ਭੈ-ਭੀਤ ਹੋਣ ਦੀ ਬਜਾਏ, ਇਸ ਤੋਂ ਜਾਣ-ਬੁੱਝ ਕੇ ਅਵੇਸਲੇ ਯਾ ਮਚਲੇ ਹੋ ਜਾਂਦੇ ਹਾਂ। ਇਸ ਤਰ੍ਹਾਂ ਇਹਨਾਂ ਵਾਸ਼ਨਾਵਾਂ ਦੀ 'ਗੁੱਝੀ ਅਗਨੀ' ਵਧਦੀ ਜਾਂਦੀ ਹੈ ਅਤੇ ਤਾਕਤਵਰ ਹੁੰਦੀ ਜਾਂਦੀ ਹੈ। ਸਾਡੀ ਇਸ ਅਣਗਹਿਲੀ ਯਾ ਮਚਲੇ ਪਨ ਦਾ ਨਤੀਜਾ ਅਸੀਂ ਦਿਨ-ਰਾਤ, ਸਾਰੀ ਉਮਰ ਭੁਗਤਦੇ ਰਹਿੰਦੇ ਹਾਂ, ਬਲਕਿ ਇਹ 'ਗੁੱਝੀ ਅਗਨੀ' ਸਾਡੇ ਜੀਵ ਦੇ ਨਾਲ ਅਗਲੇ ਜਨਮਾਂ ਵਿਚ ਵੀ ਪ੍ਰਵੇਸ਼ ਰਹਿੰਦੀ ਹੈ। ਇਸ ਤਰ੍ਹਾਂ ਇਹ 'ਆਤਸ ਦੁਨੀਆਂ' ਦੇ ਭਾਂਬੜ ਦਾ ਚੱਕਰ (vicious circle) ਸਾਡੇ ਜੀਵਨ ਵਿਚ ਚਲਦਾ ਰਹਿੰਦਾ ਹੈ।

ਗੁਰਬਾਣੀ ਵਿਚ ਸਾਡੀ ਇਸ ਹਾਲਤ ਨੂੰ ਇਉਂ ਦਰਸਾਇਆ ਗਿਆ ਹੈ—

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥ (ਪੰਨਾ-147)

ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ (ਪੰਨਾ-673)

ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਮੋਹ ਅਗਿਆਨ ਅੰਧਾਰ ॥ (ਪੰਨਾ-675)

ਤ੍ਰਿਸਨਾ ਅਗਨਿ ਜਲੈ ਸੰਸਾਰਾ ॥

ਜਲਿ ਜਲਿ ਖਪੈ ਬਹੁਤੁ ਵਿਕਾਰਾ ॥ (ਪੰਨਾ–1044)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥ (ਪੰਨਾ–1049)

ਬਿਨੁ ਨਾਵੈ ਸੂਕਾ ਸੰਸਾਰੁ ।

ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ (ਪੰਨਾ–1173)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ । (ਪੰਨਾ–1291)

ਉਠੀ ਗਿਲਾਨਿ ਜਗਤ ਵਿਚਿ
ਹਉਮੈ ਅੰਦਰਿ ਜਲੈ ਲੁਕਾਈ । (ਵਾ.ਭਾ.ਗੁ. 1/7)

ਬਾਬਾ ਦੇਖੈ ਧਿਆਨ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ । (ਵਾ.ਭਾ. 1/24)

ਇਹਨਾਂ ਉਪਰਲੀਆਂ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਕੁਝ ਅਮਲੀ (practical) ਉਦਾਹਰਨ ਦਿਤੇ ਜਾਂਦੇ ਹਨ—

1. ਜੇ ਕਿਸੇ ਨੂੰ ਉਪਰ ਦੱਸੀਆ ਪੰਗਤੀਆਂ ਸੁਣਾ ਕੇ ਦੱਸਿਆ ਜਾਂਦਾ ਹੈ, ਕਿ ਅਸੀਂ ਭੀ ਇਸੇ 'ਗੁੱਝੀ ਅੱਗ' ਵਿਚ ਸੜ–ਬਲ ਰਹੇ ਹਾਂ ਅਤੇ ਇਸ ਤੋਂ ਬਚਣ ਦਾ ਉਪਾਉ ਕਰਨਾ ਚਾਹੀਦਾ ਹੈ, ਤਾਂ ਇਸ ਦਾ ਜਵਾਬ ਇਉਂ ਦਿਤਾ ਜਾਂਦਾ ਹੈ, "ਜੀ, ਅਸੀਂ ਦੁਨੀਆਂਦਾਰ ਗ੍ਰਿਹਸਤੀ ਲੋਕ ਹਾਂ, ਸਾਡੇ ਲਈ ਇਤਨਾ ਹੀ ਬੱਸ ਹੈ, ਕਿ ਅਸੀਂ—

   ਗੁਰੂਦੁਆਰੇ ਮੱਥਾ ਟੇਕ ਆਉਂਦੇ ਹਾਂ
   ਸੰਗਤ ਵਿਚ ਹਾਜ਼ਰੀ ਭਰ ਆਉਂਦੇ ਹਾਂ
   ਬਾਣੀ ਦਾ ਪਾਠ ਕਰ ਛੱਡਦੇ ਹਾਂ
   ਕੀਰਤਨ ਸੁਣਦੇ ਹਾਂ
   ਸੇਵਾ ਕਰਦੇ ਹਾਂ
   ਦਾਨ–ਪੁੰਨ ਕਰਦੇ ਹਾਂ
   ਬੁਰਾ ਨਹੀਂ ਕਰਦੇ

ਹੋ ਸਕੇ ਤਾਂ ਭਲਾ ਕਰੀਦਾ ਹੈ,

ਇਸ ਤੋਂ ਅਗਾਹਾਂ ਗੂੜ੍ਹ-ਗਿਆਨ ਘੋਟਣਾ ਯਾ ਕਮਾਉਣਾ—

ਗਿਆਨੀਆਂ-ਧਿਆਨੀਆਂ, ਸਾਧਾਂ-ਸੰਤਾਂ ਦਾ ਕੰਮ ਹੈ,

ਕਿਉਂਕਿ ਉਹ ਵਿਹਲੇ ਇਸੇ ਕੰਮ ਜੋਗੇ ਹਨ!!"

2. ਜੇ ਕਦੇ ਕਿਸੇ ਨੂੰ 'ਸਿਮਰਨ' ਦੀ ਗੱਲ ਕਰੀਦੀ ਹੈ, ਤਾਂ ਅੱਗੋਂ ਘੜਿਆ-ਘੜਾਇਆ ਜੁਆਬ ਮਿਲਦਾ ਹੈ—

"ਜੀ ਅਸੀਂ ਗ੍ਰਿਹਸਤੀ ਲੋਕ ਹਾਂ। ਸਾਨੂੰ ਇਤਨੇ ਪੁਆੜੇ ਪਏ ਹੋਏ ਹਨ, ਕਿ ਸਿਮਰਨ ਕਰਨ ਦੀ ਫੁਰਸਤ ਹੀ ਕਿਥੇ ਹੈ? ਘਰੋਗੀ ਮਾਮਲਿਆਂ ਵਿਚ ਇਤਨੇ ਰੁਝੇ ਹਾਂ ਕਿ ਹੋਰ ਕੁਝ ਸੁਝਦਾ ਹੀ ਨਹੀਂ। ਜੇ ਕਿਤੇ ਸਿਮਰਨ ਕਰਨ ਬੈਠਦੇ ਹਾਂ ਤਾਂ ਨੀਂਦ ਆ ਜਾਂਦੀ ਹੈ, ਯਾ ਮਨ ਦੌੜਦਾ ਫਿਰਦਾ ਹੈ, ਇਕ ਪਲ ਲਈ ਭੀ ਟਿਕਦਾ ਨਹੀਂ, ਗ੍ਰਿਹਸਤੀ ਲਈ ਤਾਂ—

ਗੁਰਦੁਆਰੇ ਜਾ ਕੇ ਮੱਥਾ ਟੇਕਣਾ

ਜਿੰਨਾ ਹੋ ਸਕੇ ਪਾਠ ਕਰਨਾ

ਕਿਰਤ-ਵਿਰਤ ਕਰਨੀ

ਆਏ-ਗਏ ਦੀ ਸੇਵਾ ਕਰਨੀ

ਹੋ ਸਕੇ ਤਾਂ ਭਲਾ ਕਰਨਾ

ਹੀ ਕਾਫੀ ਹੈ—ਗ੍ਰਿਹਸਤੀ ਦਾ ਇਹੋ 'ਸਿਮਰਨ' ਤੇ ਭਜਨ-ਬੰਦਗੀ ਹੈ।

3. ਜਦ ਪੁੱਛਿਆ ਜਾਂਦਾ ਹੈ, ਕਿ ਤੁਹਾਡੇ ਘਰ ਹਰ ਤਰ੍ਹਾਂ ਦੇ ਸੁਖ-ਆਰਾਮ ਦੇ ਸਾਧਨ ਹਨ, ਤੁਹਾਨੂੰ ਕੋਈ ਪੁਆੜੇ ਨਹੀਂ ਹੋਣੇ ਚਾਹੀਦੇ—ਤਾਂ 'ਲੰਮਾ' ਸਾਰਾ 'ਹਉਕਾ' ਲੈ ਕੇ ਇਉਂ ਫੁਟਦਾ ਹੈ—

"ਜੀ ਪੁੱਛੋ ਨਾ! ਬੇਅੰਤ ਪੁਆੜਿਆਂ ਅਤੇ ਸਮੱਸਿਆਵਾਂ ਦੇ ਫਿਕਰਾਂ ਨਾਲ ਲੱਕ ਟੁੱਟਿਆ ਪਿਆ ਹੈ, ਅਤੇ ਚਿੰਤਾ ਦਿਨ-ਰਾਤ ਖਹਿੜਾ ਨਹੀਂ ਛੱਡਦੀ!!

ਘਰ ਵਿਚ ਕੋਈ ਨਾਂ ਕੋਈ-ਬਿਮਾਰ ਹੀ ਰਹਿੰਦਾ ਹੈ।

ਲੜਕੀਆਂ ਜੁਆਨ ਹਨ, ਵਿਆਹੁਣ ਦਾ ਫਿਕਰ ਹੈ।

ਇਕ ਵਿਆਹੀ ਲੜਕੀ ਵਿਧਵਾ ਹੋ ਗਈ ਹੈ।

ਦੂਜੀ ਦਾ ਪਤੀ ਵੈਲੀ ਹੈ।

ਤੀਜੀ ਦਾ ਪਤੀ ਲੈਣ ਨਹੀਂ ਆਉਂਦਾ।

ਨੂੰਹ ਦੇ ਲੜਕਾ ਨਹੀਂ ਹੈ, ਕੁੜੀਆਂ ਹੀ ਜੰਮਦੀਆਂ ਹਨ।

ਕਿਰਾਏਦਾਰਾਂ ਨਾਲ ਝਗੜਾ ਰਹਿੰਦਾ ਹੈ।

ਲੈਹਣੇਦਾਰਾਂ ਨਾਲ ਮੁਕੱਦਮੇ ਚਲ ਰਹੇ ਹਨ।

ਜ਼ਮੀਨ ਦਾ ਰੌਲਾ ਪਿਆ ਹੈ।

ਇਨਕਮ ਟੈਕਸ ਦੀ ਪੇਸ਼ੀ ਹੁੰਦੀ ਰਹਿੰਦੀ ਹੈ।

ਇਕ ਲੜਕਾ ਵੈਲੀ ਹੈ, ਘਰ ਉਜਾੜਦਾ ਹੈ।

ਦੂਜੇ ਦਾ ਵਪਾਰ ਫੇਲ੍ਹ ਹੋ ਗਿਆ ਹੈ, ਧਿਆਨ ਨਹੀਂ ਦਿੰਦਾ।

ਅਤੇ ਇਹੋ ਜਿਹੇ ਹੋਰ ਅਨੇਕਾਂ ਝਮੇਲਿਆਂ ਦੀ ਚਿੰਤਾ ਦੀ ਧੁਖ-ਧੁਖੀ ਲੱਗੀ ਰਹਿੰਦੀ ਹੈ! "ਸਿਮਰਨ ਕਿਵੇਂ ਕਰੀਏ?"

4. ਜਦ ਪੁੱਛਿਆ ਕਿ ਐਨੀ ਚੰਗੀ ਰਹਿਣੀ (living standard) ਕਿਵੇਂ ਰਖਦੇ ਹੋ ਤਾਂ ਜੁਆਬ ਮਿਲਦਾ ਹੈ—

ਜੀ, ਮੈਂ ਪਟਵਾਰੀ ਹਾਂ।

ਘਰ ਵਾਲੀ ਟੀਚਰ ਹੈ।

ਇਕ ਲੜਕਾ ਕਲਰਕ ਹੈ।

ਹਾਂ ਜੀ, ਸਾਡੀ ਤਨਖਾਹ ਤਾਂ ਥੋੜੀ ਹੈ, ਪਰ ਸੁਖ ਨਾਲ ਉਪਰੋਂ ਚੰਗੀ ਸੋਹਣੀ ਕਮਾਈ ਹੋ ਜਾਂਦੀ ਹੈ ਅਤੇ ਘਰਵਾਲੀ ਨੇ ਟਿਊਸ਼ਨਾਂ ਭੀ ਰੱਖੀਆਂ ਹੋਈਆਂ ਹਨ।

5. ਜਦ ਪੁਛਿਆ ਕਿ ਤੁਹਾਡਾ ਸ਼ੁਗਲ ਕੀ ਹੈ? ਤਾਂ ਝੱਟ ਕਹਿ ਉਠੇ—

"ਘਰ ਦੇ ਪੁਆੜੇ ਐਨੇ ਹਨ ਕਿ ਸ਼ੁਗਲ ਕਿਥੇ ਸੁਝਦੇ ਹਨ। ਫਿਕਰਾਂ ਨਾਲ ਨੀਂਦ ਨਹੀਂ ਆਉਂਦੀ। ਗੋਲੀ ਖਾਣੀ ਪੈਂਦੀ ਹੈ ਯਾ ਸ਼ਰਾਬ ਦਾ ਪਊਆ ਪੀਣਾ ਪੈਂਦਾ ਹੈ।

6. ਜੇ ਕਿਸੇ ਨੂੰ ਸਤਸੰਗ ਸਮਾਗਮ ਵਿਚ ਜਾਣ ਨੂੰ ਕਹੀਦਾ ਹੈ, ਤਾਂ ਕੋਰਾ ਜੁਆਬ ਮਿਲਦਾ ਹੈ—

ਜੀ, ਅਸੀਂ ਘਰ ਵਿਚ ਹੀ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਮੱਥਾ ਟੇਕ ਲੈਂਦੇ ਹਾਂ।

ਵਾਕ ਲੈ ਲੈਂਦੇ ਹਾਂ।

ਰੱਬ ਆਪਣੇ ਅੰਦਰ ਹੀ ਹੈ।

ਹੋਰ ਕਿਤੇ ਜਾਣ ਦੀ ਲੋੜ ਨਹੀਂ।

ਬਾਹਰ ਜਾਣ ਨਾਲ ਕੰਮ ਵਿਗੜਦੇ ਹਨ।

ਖੇਚਲ ਹੁੰਦੀ ਹੈ।

ਖਰਚਾ ਹੁੰਦਾ ਹੈ।

7. ਜਦ ਕਿਹਾ ਜਾਂਦਾ ਹੈ, ਕਿ 'ਉਪਰਲੀ ਕਮਾਈ' ਯਾ 'ਰਿਸ਼ਵਤ' ਨਾਜਾਇਜ਼ ਹੈ,ਕਿਉਂਕਿ ਗੁਰਬਾਣੀ ਅਨੁਸਾਰ ਦਸਾਂ ਨੌਹਾਂ ਦੀ ਕਿਰਤ ਕਰਨ ਦਾ ਹੁਕਮ ਹੈ, ਤਾਂ ਨਿਧੜਕ ਹੋ ਕੇ ਜੁਆਬ ਦਿਤਾ ਜਾਂਦਾ ਹੈ—

"ਭੋਲਿਓ ਲੋਕੋ!! ਤੁਸੀਂ ਤਾਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦੇ ਹੋ। ਅਜਕਲ੍ਹ ਤਾਂ ਉਪਰਲੀ ਕਮਾਈ ਤੋਂ ਬਗੈਰ ਗੁਜ਼ਾਰਾ ਨਹੀਂ ਹੁੰਦਾ। ਜਦ ਅਸੀਂ ਕਿਸੇ ਦਾ ਕੰਮ ਸਵਾਰ ਦੇਂਦੇ ਹਾਂ ਤਾਂ ਅਗਲਾ ਖੁਸ਼ੀ ਨਾਲ ਹੀ ਭੇਟਾ ਕਰਦਾ ਹੈ, ਅਸੀਂ ਕਿਹੜਾ ਮੰਗਦੇ ਹਾਂ? ਇਹ ਨਾਜਾਇਜ਼ ਕਿਵੇਂ ਹੋ ਸਕਦੀ ਹੈ? ਦੂਜੀ ਗੱਲ ਇਹ ਹੈ, ਕਿ ਉਪਰਲੀ ਕਮਾਈ ਜਾਂ ਵੱਢੀ ਸਾਡੇ ਸਾਰਿਆਂ ਦੇ ਤਾਣ-ਪੇਟੇ, ਓਤ-ਪੋਤ ਜੀਵਨ ਦੇ ਹਰ ਖੇਤਰ ਵਿਚ ਇਤਨੀ ਧਸ-ਰਸ ਗਈ ਹੈ, ਕਿ ਇਸ ਤੋਂ ਬਗੈਰ ਕੋਈ ਕੰਮ ਹੀ ਨਹੀਂ ਹੋ ਸਕਦਾ। ਛੋਟੇ ਤੋਂ ਛੋਟੇ ਮੁਲਾਜ਼ਮ ਤੋਂ ਲੈ ਕੇ ਵੱਡੇ ਤੋਂ ਵੱਡੇ ਅਫਸਰ ਦੇ ਖੂਨ ਵਿਚ ਇਹ ਰਚ-ਮਿਚ ਚੁਕੀ ਹੈ। ਜਦੋਂ ਇਹ ਵੱਡੇ ਲੋਕਾਂ ਲਈ 'ਜਾਇਜ਼' ਹੈ, ਤਾਂ ਸਾਡੇ ਗਰੀਬਾਂ ਲਈ

ਕਿਵੇਂ ਨਾਜਾਇਜ਼ ਹੋ ਸਕਦੀ ਹੈ? ਸਾਡਾ ਗਰੀਬਾਂ ਦਾ ਤਾਂ ਡੰਗ ਹੀ ਇਸੇ ਨਾਲ ਚਲਦਾ ਹੈ—ਨਿਰੀਪੁਰੀ ਤਨਖਾਹ ਨਾਲ ਤਾਂ ਰੋਟੀ ਭੀ ਨਹੀਂ ਚਲਦੀ—ਬਾਕੀ ਹੋਰ ਖਰਚੇ ਕਿਥੋਂ ਪੂਰੇ ਕਰੀਏ?"

8. ਜਦ ਇਹਨਾਂ ਨੂੰ ਦੱਸਿਆ ਜਾਂਦਾ ਹੈ, ਕਿ ਸ਼ਰਾਬ ਬਹੁਤ ਬੁਰੀ ਚੀਜ਼ ਹੈ—ਇਸ ਦੇ ਬੜੇ ਭੈੜੇ ਨਤੀਜੇ ਨਿਕਲਦੇ ਹਨ, ਤਾਂ ਜੁਆਬ ਮਿਲਦਾ ਹੈ—

"ਸ਼ਰਾਬ ਤਾਂ ਜੋਗੀਆਂ ਅਤੇ ਦੇਵਤਿਆਂ ਦਾ 'ਸੋਮ-ਰਸ' ਹੈ ਅਤੇ ਰਾਜਿਆਂ, ਮਹਾਰਾਜਿਆਂ, ਨਵਾਬਾਂ ਅਤੇ ਅਮੀਰਾਂ ਦਾ ਸ਼ੁਗਲ ਹੈ। ਜੇ ਇਹ ਵੱਡੇ ਵੱਡੇ ਸਿਆਣੇ ਲੋਕਾਂ ਲਈ ਜਾਇਜ਼ ਹੈ, ਤਾਂ ਸਾਡੇ ਗਰੀਬਾਂ ਲਈ ਕਿਉਂ ਮਾੜੀ ਹੈ? ਅਸੀਂ ਤਾਂ ਫਿਕਰ ਚਿੰਤਾ ਨੂੰ ਟਾਲਣ ਲਈ 'ਘੁਟ' ਪੀਂਦੇ ਹਾਂ, ਨਹੀਂ ਤਾਂ ਮਾਨਸਿਕ ਤਨਾਓ(nervous tension) ਵੱਧ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਅਗਿਆਨਤਾ ਵਿਚ ਕਈ ਕਿਸਮ ਦੀਆਂ—

ਸਿਆਣਪਾਂ

ਚਤੁਰਾਈਆਂ

ਢਕੌਂਸਲੇ

ਬਹਾਨੇ

ਹੁੱਜਤਾਂ

ਢੁੱਚਰਾਂ

ਘੜ-ਘੜ ਕੇ, ਆਪਣੇ ਨਾਜਾਇਜ਼ ਖਿਆਲਾਂ ਅਤੇ ਕਰਮਾਂ ਨੂੰ ਜਾਇਜ਼ ਬਣਾ ਕੇ ਆਪਣੇ ਮਨ ਨੂੰ ਝੂਠੀ ਤਸੱਲੀ ਦੇ ਕੇ, ਅਪਣੇ 'ਆਪੇ' ਨਾਲ 'ਧੋਖਾ' ਕਰਦੇ ਹਾਂ ਅਤੇ ਮਨ ਨੂੰ ਹੋਰ ਮਲੀਨ ਕਰੀ ਜਾਂਦੇ ਹਾਂ। ਇਸ ਤਰ੍ਹਾਂ ਅੰਦਰਲੀ 'ਗੁੱਝੀ ਅਗਨੀ' ਵਿਚ ਤੇਲ ਪਾ ਰਹੇ ਹਾਂ—ਜਿਸ ਨਾਲ ਤ੍ਰਿਸ਼ਨਾ ਦੀ ਅੱਗ ਨੂੰ ਮਘਾ ਕੇ ਆਪਣੇ ਅੰਦਰ ਮਾਨਸਿਕ ਭਾਂਬੜ ਵਧਾਈ ਜਾਂਦੇ ਹਾਂ।

ਗੁਰਬਾਣੀ ਵਿਚ ਸਾਡੀ ਇਸ ਅਵਸਥਾ ਨੂੰ ਇਉਂ ਦਰਸਾਇਆ ਗਿਆ ਹੈ—

ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥
ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥
ਖਰਾ ਸਿਆਣਾ ਬਹੁਤਾ ਭਾਰੁ ॥
ਧਾਣਕ ਰੂਪਿ ਰਹਾ ਕਰਤਾਰ ॥ (ਪੰਨਾ–24)

ਗੋਬਿੰਦ ਹਮ ਐਸੇ ਅਪਰਾਧੀ ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ॥
ਪਰਧਨ ਪਰਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
ਆਵਾਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਤ ਤੂਟੈ ॥
ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥ (ਪੰਨਾ–971)

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥ (ਪੰਨਾ–727)

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (ਪੰਨਾ–1376)

(ਚਲਦਾ.........)